# ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਨਿਗਮ ਲਿਮਿਟਿਡ

## ਚੰਡੀਗੜ੍ਹ

### ਸਰਕੂਲਰ

ਇਸ ਸਬੰਧ ਵਿਚ ਇਹ ਸੂਚਿਤ ਕੀਤਾ ਜਾਂਦਾ ਹੈ ਕਿ ਆਰ.ਪੀ.ਐਫ.ਸੀ. ਦੇ ਦਫਤਰ ਵੱਲੋਂ ਇਸ ਨਿਗਮ ਦੇ ਧਿਆਨ ਵਿੱਚ ਲਿਆਂਦਾ ਗਿਆ ਸੀ ਕਿ ਕੁਝ ਅਨਸਰਾਂ ਵੱਲੋਂ ਨਿਗਮ ਦੇ ਕੁਝ ਅਧਿਕਾਰੀਆਂ/ਕਰਮਚਾਰੀਆਂ ਦੇ ਖਾਤਿਆਂ ਵਿੱਚੋਂ ਈ.ਪੀ.ਐਫ. ਦੀ ਵੈਬ ਸਾਈਟ ਤੇ ਜਾ ਕੇ ਆਨ-ਲਾਈਨ ਕਲੇਮ ਪਾਏ ਜਾ ਰਹੇ ਹਨ ਅਤੇ ਕੁਝ ਖਾਤਿਆਂ ਵਿੱਚ ਦਸਤਾਵੇਜਾਂ ਨੂੰ ਲੈ ਕੇ ਛੇੜ-ਛਾੜ ਕੀਤੀ ਜਾ ਰਹੀ ਹੈ। ਜਿਸ ਦੇ ਕਾਰਨ ਨਿਗਮ ਵੱਲੋ RPFC ਨੂੰ ਬੇਨਤੀ ਕੀਤੀ ਗਈ ਸੀ ਕਿ ਉਹ Employer ਤੇ ਤਸਦੀਕ ਕੀਤੇ ਬਿਨ੍ਹਾਂ ਕੋਈ ਵੀ ਆਨ-ਲਾਈਨ ਕਲੇਮ ਸੈਟਲ ਨਾ ਕਰਨ। ਜਿਸ ਤੋ ਬਾਅਦ RPFC ਦੇ ਦਫਤਰ ਵਲੋਂ , ਅਧਿਕਾਰੀਆਂ /ਕਰਮਚਾਰੀਆਂ ਦਵਾਰਾ ਪਾਏ ਜਾ ਰਹੇ ਆਨ-ਲਾਈਨ ਕਲੇਮ ਲਈ, employer ਤੋਂ confirmation ਲੈਣੀ ਸ਼ੁਰੂ ਕਰ ਦਿੱਤੀ ਗਈ। ਉਹਨਾਂ ਵਲੋਂ ਇਹ ਹਿੱਦਾਇਤ ਵੀ ਹੋਈ ਸੀ ਕਿ ਆਨ-ਲਾਈਨ ਕਲੇਮ ਦੀ ਸੂਚਨਾ RPFC ਨੂੰ 7 ਦਿਨਾਂ ਦੇ ਅਦੰਰ ਦੇ ਦਿੱਤੀ ਜਾਵੇ , ਨਹੀ ਤੇ ਕਲੇਮ ਰਿਜੇਕਟ ਹੋ ਜਾਵੇਗਾ ।

ਇਸ ਲਈ ਨਿਗਮ ਦੇ ਅਧਿਕਾਰੀਆਂ/ਕਰਮਚਾਰੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜੇਕਰ ਇਸ ਕਾਰਪੋਰੇਸ਼ਨ ਦਾ ਕੋਈ ਵੀ EPF ਖਾਤਾ ਧਾਰਕ ਆਨ-ਲਾਈਨ ਕਲੇਮ ਅਪਲਾਈ ਕਰਦਾ ਹੈ ਤਾਂ ਉਹ ਉਸੀ ਦਿਨ ਆਨ-ਲਾਈਨ ਕਲੇਮ ਬਾਰੇ ਆਪਣੇ ਬ੍ਰਾਂਚ ਹੈੱਡ ਨੂੰ ਲਿਖਤੀ ਰੂਪ ਵਿੱਚ ਸੂਚਨਾ ਦੇਣ। ਇਸ ਸੂਚਨਾ ਪੱਤਰ ਦੇ ਨਾਲ ਆਨ-ਲਾਈਨ ਸਬਮਿਸ਼ਨ ਫਾਰਮ ਦੇ ਪ੍ਰਿੰਟਆਊਟ, ਆਧਾਰ ਕਾਰਡ ਦੀ ਕਾਪੀ, ਪੈਨ ਕਾਰਡ ਅਤੇ ਬੈਂਕ ਖਾਤੇ ਬਾਰੇ (ਅਧਿਕਾਰੀ ਵਲੋਂ ਅਤੇ ਸਵੈ ਤਸਦੀਕ ਕਰਨ ਤੋਂ ਬਾਅਦ) ਨਾਲ ਨੱਥੀ ਪਰਫੋਰਮਾ ਅਤੇ ਦਸਤਾਵੇਜ ਸਮੇਤ ਜਮ੍ਹਾਂ ਕਰਵਾਉਣ ਅਤੇ ਇਹ ਅੰਡੇਰਟੇਕਿੰਗ ਦੇਣ ਕਿ ਕੇ.ਵਾਈ.ਸੀ. ਵਿਚ ਦਰਜ ਵੇਰਵੇ ਦਰੁਸਤ ਹਨ । ਜਿਸ ਉਪਰੰਤ ਬ੍ਰਾਂਚ ਹੈੱਡ ਵੱਲੋਂ ਇਹ ਜਾਣਕਾਰੀ ਈ.ਪੀ.ਐਫ. ਸ਼ਾਖਾ, PSIEC, ਮੁੱਖ ਦਫਤਰ ਵਿੱਚ ਭੇਜੀ ਜਾਵੇਗੀ। ਬ੍ਰਾਂਚ ਹੈੱਡ ਦੁਆਰਾ ਭੇਜੀ ਗਈ ਜਾਣਕਾਰੀ ਦੇ ਆਧਾਰ ਤੇ ਨਿਗਮ ਵੱਲੋਂ ਆਨ-ਲਾਈਨ ਕਲੇਮ ਬਾਰੇ RPFC ਨੂੰ ਸੂਚਨਾ ਦਿੱਤੀ ਜਾਵੇਗੀ ਤਾਂ ਜੋ ਕੀਤਾ ਗਿਆ ਆਨ-ਲਾਈਨ ਕਲੇਮ ਸਹੀ ਖਾਤਿਆਂ ਵਿੱਚ ਜਮ੍ਹਾਂ ਹੋ ਸਕੇ।

ਇਥੇ ਇਹ ਦਸਣਾ ਅਤਿ ਜਰੂਰੀ ਹੈ ਕਲੇਮ ਅਪਲਾਈ ਕਰਨ ਦੇ 2 ਦਿਨਾਂ ਦੇ ਅੰਦਰ-ਅੰਦਰ, ਇਸ ਦੀ ਜਾਣਕਾਰੀ ਈ.ਪੀ.ਐਫ. ਸ਼ਾਖਾ, PSIEC, ਮੁੱਖ ਦਫਤਰ ਵਿੱਚ ਦੇਣੀ ਯਕੀਨੀ ਬਣਾਈ ਜਾਵੇ ਜੀ ਤਾਂ ਜੋ ਇਸ ਤੇ ਉਪਰ ਕੀਤੀ ਜਾਣ ਵਾਲੀ ਕਾਰਵਾਈ ਤੋਂ ਬਾਅਦ 7 ਦਿਨਾਂ ਦੇ ਅੰਦਰ RPFC ਨੂੰ ਅੱਗੇ ਸੂਚਨਾ ਭੇਜੀ ਜਾ ਸਕੇ। ਜੇਕਰ ਸੂਚਨਾ ਅਤੇ ਦਸਤਾਵੇਜ EPF ਸ਼ਾਖਾ ਨੂੰ ਸਮੇਂ ਸਿਰ ਮੁਹੱਈਆ ਨਾ ਕਰਵਾਉਣ ਕਾਰਨ ਕੀਤਾ ਗਿਆ ਕਲੇਮ RO, EPFO, CHANDIGARH ਵੱਲੋਂ ਰਿਜੇਕਟ ਕਰ ਦਿੱਤਾ ਜਾਂਦਾ ਹੈ ਤਾਂ ਇਸ ਵਿੱਚ ਇਸ ਨਿਗਮ ਦੀ ਕੋਈ ਜਿੰਮੇਵਾਰੀ ਨਹੀਂ ਹੋਵੇਗੀ।

ਅੱਗੇ ਆਪ ਜੀ ਸਹੂਲਤ ਲਈ ਨਿਗਮ ਦੇ ਮੁੱਖ ਦਫਤਰ ਅਤੇ ਖੇਤਰੀ ਦਫਤਰਾਂ ਵਿਚ ਹੇਠ ਦਰਸਾਏ ਗਏ ਅਧਿਕਾਰੀਆਂ/ਕਰਮਚਾਰੀਆਂ ਨੂੰ nodal officer ਨਿਯੁਕਤ ਕੀਤਾ ਜਾਂਦਾ ਹੈ ਤਾਂ ਜੋ ਇਹ ਨੋਡਲ ਆਫਿਸਰਜ ਆਨ-ਲਾਈਨ ਕਲੇਮ ਦੀ confirmation ਸੰਬਧੀ ਬੇਨਤੀ ਪੱਤਰ ਅਤੇ ਆਨ-ਲਾਈਨ ਕਲੇਮ ਕਰਨ ਲਈ ਜਰੂਰੀ ਦਸਤਾਵੇਜਾਂ ਨੂੰ ਚੈੱਕ ਕਰਨ ਤੋ ਬਾਅਦ ਨਿਗਮ ਦੀ ਈ.ਪੀ.ਐਫ. ਸ਼ਾਖਾ ਨੂੰ ਭੇਜਣਾ ਯਕੀਨੀ ਬਣਾਉਣਗੇ । ਇਸ ਦੇ ਨਾਲ ਹੀ ਇਨਾਂ ਨੋਡਲ ਆਫਿਸਰਾਂ ਦਾ ਵਹਾਂਟਸਅੱਪ ਗਰੁਪ ਬਣਾਇਆ ਜਾ ਰਿਹਾ ਹੈ ਤਾਂ ਜੋ RPFC ਵਲੋਂ ਸਮੇਂ ਸਮੇਂ ਤੇ ਭੇਜੀ ਕਰਮਚਾਰੀਆਂ ਦੇ ਆਨ-ਲਾਈਨ ਕਲੇਮ ਸੰਬਧੀ ਸੂੱਚੀ ਨੂੰ ਸਾਂਝਾਂ ਕੀਤਾ ਜਾ ਸਕੇ ਅਤੇ ਸੰਬਧਿਤ ਕਰਮਚਾਰੀਆਂ ਨਾਲ ਰਾਬਤਾ ਕਾਇਮ ਕਰਕੇ 2 ਦਿਨਾਂ ਦੇ ਅਦੰਰ ਅਦੰਰ ਪੂਰਨ ਦਸਤਾਵੇਜਾਂ ਨੂੰ ਜਮ੍ਹਾਂ ਕਰਵਾਉਣਾ ਯਕੀਨੀ ਬਣਾਉਗੇ ਅਤੇ ਜੇਕਰ ਖਾਤਾ ਧਾਰਕ ਨੂੰ ਕੋਈ ਔਕੜ ਆ ਰਹੀ ਹੈ ਤਾਂ ਉਨ੍ਹਾਂ ਔਕੜਾਂ ਦਾ ਹੱਲ ਕਰਨ ਲਈ ਸਹਾਇਤਾ ਕਰਨਗੇ।

| ਲੜੀ ਨੰ | ਕਰਮਚਾਰੀਆਂ/ਅਧਿਕਾਰੀਆਂ ਦੇ ਨਾਮ | ਸ਼ਟੇਸ਼ਨ |
|---|---|---|
| 1 | ਰੋਸ਼ਨ ਸਿੰਘ (ਜੂਨੀਅਰ ਕਾਰਜਕਾਰੀ) | ਅੰਮ੍ਰਿਤਸਰ, ਬਟਾਲਾ, ਗੋਇੰਦਵਾਲ ਸਾਹਿਬ |
| 2 | ਚਰਨਜੀਤ ਸਿੰਘ (ਉਪ-ਪ੍ਰਬੰਧਕ) | ਸੂਰਾਨਸੀ |
| 3 | ਵਿਨੋਦ ਕੁਮਾਰ (ਉਪ-ਪ੍ਰਬੰਧਕ) | ਜਲੰਧਰ (ਇੰਜ. ਵਿੰਗ) |
| 4 | ਰਜਨੀ (ਸੀਨੀਅਰ ਕਾਰਜਕਾਰੀ) | ਹੁਸ਼ਿਆਰਪੁਰ, ਟਾਂਡਾ |
| 5 | ਅਰਵਿੰਦਰ ਸਿੰਘ (ਇਲੈਕਟ੍ਰੀਸ਼ਨ) | ਪਠਾਨਕੋਟ |
| 6 | ਜੋਗਿੰਦਰ ਸਿੰਘ (ਉਪ-ਪ੍ਰਬੰਧਕ) | ਲੁਧਿਆਣਾ, ਮੋਗਾ, |
| 7 | ਸੋਦਾਗਰ ਸਿੰਘ (ਸੀਨੀਅਰ ਕਾਰਜਕਾਰੀ) | ਮੰਡੀ ਗੋਬਿੰਦਗੜ੍ਹ |
| 8 | ਅਨਿਲ ਕੁਮਾਰ (ਉਪ-ਪ੍ਰਬੰਧਕ) | ਪਟਿਆਲਾ |

o/c

| | | |
|---|---|---|
| 9 | ਦੀਪਕ ਕੁਮਾਰ (ਐਸ.ਡੀ.ਈ) | ਬਠਿੰਡਾ, ਮਲੋਟ, ਕੋਟਕਪੁਰਾ, ਸੰਗਰੂਰ, ਮੁਕਤਸਰ ,ਅਬੋਹਰ |

ਮਹਾਂ ਪ੍ਰਬੰਧਕ
(ਈ.ਪੀ.ਐਫ.)

**Endst. No. PSIEC/EPF/** 35327-38

**Dated:** 23/02/2022

ਉਪਰੋਕਤ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਜਾਣਕਾਰੀ ਹਿੱਤ ਭੇਜਿਆ ਜਾਂਦਾ ਹੈ:-

1. PS/MD
2. PA/AMD
3. ਸਲਾਹਕਾਰ(ਪਾੱਲਿਸੀ)
4. ਸਮੂਹ ਫ਼ੰਕਸ਼ਨਲ ਮੁੱਖੀ
5. ਮੁੱਖ ਇੰਜੀਨੀਅਰ
6. ਨਿਗਰਾਨ ਇੰਜੀਨੀਅਰ
7. ਕਾਰਜਕਾਰੀ ਇੰਜੀਨੀਅਰ I/II/III/IV- ਬਿਜਲੀ
8. ਸਮੂਹ ਉਪ ਮੰਡਲ ਇੰਜੀਨੀਅਰ (ਸਿਵਲ /ਇਲੈਕਟ੍ਰੀਕਲ / ਹੋਰਟੀਕਲਚਰ)
9. ਸਮੂਹ ਸੀਨੀਅਰ ਉਪ ਮਹਾਂ ਪ੍ਰਬੰਧਕ, ਉਪ ਮਹਾਂ ਪ੍ਰਬੰਧਕ
10. ਸਮੂਹ ਪ੍ਰਬੰਧਕ , ਉਪ ਪ੍ਰਬੰਧਕ, ਮੁੱਖ ਦਫਤਰ ਅਤੇ ਫੀਲਡ ਅਫਸਰ , ਇੰਜ. ਵਿੰਗ
11. ਸਮੂਹ (ਪ੍ਰਬੰਧਕ / ਇੰਚਾਰਜ) ਡਿਪੂ ਅਤੇ ਇੰਪੋਰੀਆ
12. ਨੋਟਿਸ ਬੋਰਡ

ਪ੍ਰਬੰਧਕ (ਈ.ਪੀ.ਐਫ.)